M. 09357723874

# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ:)

# AKHAND KIRTANI JATHA INTERNATIONAL (REGD.)

**Head Office:- Rangla Sajan Mamorial Charitable Trust (Regd.) Chowk Baba Sahib, Sri Amritsar.,**
ਮੁਖ ਸੇਵਾਦਾਰ : ਜੱਥੇਦਾਰ ਭਾਈ ਬਖਸ਼ੀਸ਼ ਸਿੰਘ ਜੀ

ਸਤਿਕਾਰ ਯੋਗ

ਸਿੰਘ ਸਾਹਿਬ ਗਿ: ਗੁਰਬਚਨ ਸਿੰਘ ਜੀ,
ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ,
ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਵਿਸ਼ਾ :- ਤੱਖਤ ਸ੍ਰੀ ਪਟਨਾ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਵੱਲੋ ਰਾਗਮਾਲਾ ਸਬੰਧੀ ਜਾਰੀ ਕੀਤਾ ਹੁਕਮਨਾਮਾ ਰੱਦ ਕਰਨ ਬਾਰੇ।

ਸ੍ਰੀ ਮਾਨ ਜੀ ,

੧. ਬੇਨਤੀ ਹੈ ਕਿ ਮਿਤੀ ੧੯-੮-੨੦੧੦ ਨੂੰ ਤੱਖਤ ਸ੍ਰੀ ਪਟਨਾ ਸਾਹਿਬ ਦੇ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਵੱਲੋ ਰਾਗਮਾਲਾ ਨਾ ਪੜ੍ਹਨ ਵਾਲਿਆਂ ਦੇ ਖਿਲਾਫ ਗੁਰਮਤਿ ਤੋਂ ਕੋਹਾਂ ਦੂਰ ਸ਼ਬਦਾਵਲੀ ਦੀ ਵਰਤੋਂ ਕਰਕੇ ਹੁਕਮਨਾਮਾ ਜਾਰੀ ਕੀਤਾ ਹੈ ਅਤੇ ਪਰੈਸ ਰਾਹੀ ਇਕ ਬੇਲੋੜਾ ਵਿਵਾਦ ਛੇੜ ਦਿੱਤਾ ਹੈ ਜਿਸ ਨਾਲ ਕੋਮ ਵਿਚ ਬਹੁਤ ਵੱਡੀ ਫੁਟ ਪੈ ਸਕਦੀ ਹੈ।ਪੁਰਾਤਨ ਸਮੇਂ ਵਿਚ ਵੀ ਰਾਗਮਾਲਾ ਸਬੰਧੀ ਵਿਵਾਦ ਸੀ। ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੇ ਇਕ ਪੰਥਕ ਰਹਿਤ ਮਰਿਆਦਾ ਜੋ ਕਿ ਪੰਥਕ ਸੰਵਿਧਾਨ ਹੈ ਕਾਇਮ ਕੀਤਾ ਗਿਆ ਸੀ ਤਾਂ ਕਿ ਪੂਰਾ ਪੰਥ ਇਕੱਠਾ ਵਿਚਰ ਸਕੇ। ਪੰਜੇ ਤੱਖਤ ਸਿੱਖ ਕੋਮ ਦੇ ਸਤਿਕਾਰਤ ਅਤੇ ਸਾਂਝੇ ਤੱਖਤ ਹਨ। ਇਹਨਾ ਦੇ ਜੱਥੇਦਾਰ ਸਿੱਖ ਕੋਮ ਦੇ ਸੇਵਾਦਾਰ ਹਨ। ਸਮੁੱਚੀ ਕੋਮ ਨੂੰ ਇਕ ਲੜੀ ਵਿਚ ਪਰੋਈ ਰੱਖਣ ਦੀ ਜਿੰਮੇਵਾਰੀ ਵੀ ਇਹਨਾਂ ਦੀ ਹੈ। ਸ੍ਰੀ ਅਕਾਲ ਤੱਖਤ ਸਾਹਿਬ ਸਰਵ ਉੱਚ ਹੈ।ਪੰਥਕ ਸੰਵਿਧਾਨ ਅਥਵਾ ਸਿੱਖ ਰਹਿਤ ਮਰਿਆਦਾ ਵਿਚ ਜੋ ਫੈਸਲੇ ਹੋ ਚੁੱਕੇ ਹਨ ਉਨ੍ਹਾਂ ਨੂੰ ਬਦਲਣ ਦਾ ਅਧਿਕਾਰ ਕਿਸੇ ਵੀ ਤੱਖਤ ਦੇ ਜੱਥੇਦਾਰ ਨੂੰ ਨਹੀ ਹੈ ਕਿਉਕਿ ਇਹ ਸਮੁੱਚੇ ਪੰਥ ਦੇ ਫੈਸਲੇ ਹਨ।

ਸ਼੍ਰੋਮਣੀ ਗੁ:ਪ੍ਰਬੰਧਕ ਕਮੇਟੀ ਵੱਲੋ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੇ ਪੰਨਾ ਨੰ:(੧੮) ਭਾਗ (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਸਬੰਧੀ ਪੰਥ ਲਈ ਨਿਮਨ ਹੁਕਮ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ( ਸਾਧਾਰਨ ਜਾਂ ਅਖੰਡ ਪਾਠ) ਦਾ ਭੋਗ ਮੁੰਦਾਵਣੀ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ।

੨. ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਪਟਨਾ ਸਾਹਿਬ ਵੱਲੋਂ ਰਾਗਮਾਲਾ ਸਬੰਧੀ ਬੇਲੋੜਾ ਵਾਦ-ਵਿਵਾਦ ਛੇੜਿਆ ਹੈ ਉਸ ਦੇ ਸਬੰਧ ਵਿਚ ਬੇਨਤੀ ਹੈ ਕਿ ਜੋ ਸ੍ਰੀ ਅਕਾਲ ਤੱਖਤ ਸਾਹਿਬ ਵਿੱਖੇ ਪੰਜ ਸਿੰਘ ਸਾਹਿਬਾਨ ਦੀਆਂ ਮੀਟਿਗਾਂ ਗੁਰਮਤੀ ਫੈਸਲੇ ਲੈਣ ਸਬੰਧੀ ਕੀਤੀਆਂ ਜਾਂਦੀਆ ਹਨ ਉਹਨਾਂ ਵਿਚ ਜੱਥੇਦਾਰ ਇਕਬਾਲ ਸਿੰਘ ਜੀ ਨੂੰ ਸ਼ਾਮਿਲ ਨਾ ਕੀਤਾ ਜਾਵੇ।

੩. ਸ੍ਰੀ ਅਕਾਲ ਤੱਖਤ ਸਾਹਿਬ ਵੱਲੋਂ ਸ੍ਰੀ ਪਟਨਾ ਸਾਹਿਬ ਕਮੇਟੀ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਜਾਵੇ ਕਿ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਜੋ ਪੰਥਕ ਵਿਰੋਧੀ ਬਿਖੇੜੇ ਪੈਦਾ ਕਰਦੇ ਹਨ ਇਸ ਕਰਕੇ ਇਨਾਂ ਨੂੰ ਜੱਥੇਦਾਰੀ ਦੀ ਸੇਵਾ ਤੋਂ ਤੁਰੰਤ ਅਲੱਗ ਕਰ ਦਿੱਤਾ ਜਾਵੇ ।

੪. ਸੰਨ ੨੦੦੬ ਵਿਚ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੇ ਪੁਸਤਕ ਮੁੰਦਾਵਣੀ ਲਿਖਤ ਗਿ: ਗੁਰਦਿੱਤ ਸਿੰਘ ਜੀ ਤੋਂ ਰਾਗਮਾਲਾ ਦਾ ਬਿਖੇੜਾ ਖੜਾ ਕਰਕੇ ਰਾਗਮਾਲਾ ਨਾ ਪੜ੍ਹਨ ਵਾਲਿਆਂ ਨੂੰ ਸਿੱਖ ਨਾ ਮੰਨਣ ਦਾ ਫਤਵਾ ਤੱਖਤ ਸ੍ਰੀ ਪਟਨਾ ਸਾਹਿਬ ਤੋਂ ਜਾਰੀ ਕੀਤਾ ਸੀ ਉਸ ਸਮੇ ਦੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਜੀ ਵੇਦਾਂਤੀ ਨੇ ਉਪਰੋਕਤ ਮਸਲੇ ਨੂੰ ਵਿਚਾਰਦਿਆਂ ਇਹ ਆਦੇਸ਼ ਦਿੱਤੇ ਸਨ ਇਸ ਪੰਥਕ ਮਸਲੇ ਨੂੰ ਸ੍ਰੀ ਅਕਾਲ ਤੱਖਤ ਸਾਹਿਬ ਤੋਂ ਬਿਨਾਂ ਕੋਈ ਵੀ ਵਿਅਕਤੀ ਜਾਂ ਤੱਖਤ ਸਾਹਿਬ ਨਹੀ ਉਠਾ ਸਕਦਾ। ਸਾਨੂੰ ਸੱਦ ਅਫਸੋਸ ਹੈ ਕਿ ਜੱਥੇਦਾਰ ਗਿ: ਇਕਬਾਲ ਸਿੰਘ ਜੀ ਨੇ ਇਹ ਮਸਲਾ ਦੁਬਾਰਾ ਛੇੜ ਕੇ ਉਪਰੋਤਕ ਹੁਕਮ ਦੀ ਉਲੰਘਣਾ ਕਰਦਿਆਂ ਸਿੱਖ ਜਗਤ ਨੂੰ ਭੰਬਲਭੁਸੇ ਵਿਚ ਪਾ ਦਿੱਤਾ ਹੈ।

੫. ਰਾਗਮਾਲਾ ਸਬੰਧੀ ਹੁਣ ਤੱਕ ਲਿਖਤੀ ਅਤੇ ਜੁਬਾਨੀ ਜੋ ਵਿਚਾਰਾਂ ਹੋ ਚੁਕੀਆਂ ਹਨ ਉਹਨਾਂ ਅਨੁਸਾਰ ਰਾਗਮਾਲਾ ਗੁਰ ਕ੍ਰਿਤ ਸਾਬਿਤ ਨਹੀ ਹੁੰਦੀ ਆਪ ਜੀ ਨੇ ਮਿਤੀ ੨੧-੮-੨੦੧੦ ਨੂੰ ਪਰੈਸ ਬਿਆਨ ਰਾਹੀ ਕਿਹਾ ਕਿ ਰਾਗਮਾਲਾ ਗੁਰਬਾਣੀ ਦਾ ਅੰਗ ਹੈ ਅਤੇ ਇਹ ਸ੍ਰੀ ਅਕਾਲ ਤੱਖਤ ਸਾਹਿਬ ਤੇ ਪੜ੍ਹੀ ਜਾਂਦੀ ਹੈ।ਆਪ ਜੀ ਨੂੰ ਇਹ ਗਿਆਤ ਹੋਵੇਗਾ ਕਿ ਸ੍ਰੀ ਅਕਾਲ ਤੱਖਤ ਸਾਹਿਬ ਵਿੱਖੇ ੧੯੮੪ ਤੋਂ ਪਹਿਲਾ ਪੰਥਕ ਫੈਸਲੇ ਅਨੁਸਾਰ ਰਾਗਮਾਲਾ ਨਹੀ ਪੜ੍ਹੀ ਜਾਂਦੀ ਸੀ ਜਿਸ ਨੇ ਰਾਗਮਾਲਾ ਪੜ੍ਹਨ ਦੀ ਕੋਝੀ ਹਰਕਤ ਕੀਤੀ ਉਸ ਨੂੰ ਸਜਾ ਵੀ ਦਿੱਤੀ ਗਈ ਸੀ ।

੬. (ੳ) ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੀ ਪਤਿਰਕਾ ਨੰ: ੩੨੨੨੧/੯੦੧ ਮਿਤੀ ੪-੯-੧੯੭੦ ਵਿਚ ਸਪੱਸ਼ਟ ਇਹ ਹਵਾਲਾ ਦਿੱਤਾ ਗਿਆ ਹੈ ਕਿ " ਸ੍ਰੀ ਅਕਾਲ ਤੱਖਤ ਸਾਹਿਬ ਸ੍ਰੀ ਅੰਮ੍ਰਿਤਸਰ ਵਿੱਖੇ ਰਾਗਮਾਲਾ ਨਹੀ ਪੜ੍ਹੀ ਜਾਂਦੀ ਅਤੇ ਰਾਗਮਾਲਾ ਤੇ ਕੋਈ ਮਹਲਾ ਆਦਿ ਹੈਡ ਲੇਖ ਵਜੋ ਨਹੀ ਹੈ ਜਿਸ ਤੋਂ ਇਹ ਨਿਰਨਾ ਹੋ ਸਕੇ ਕਿ ਰਾਗਮਾਲਾ ਗੁਰਕ੍ਰਿਤ ਹੈ

(ਅ) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਪਰੰਤ ਰਾਗਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆ ਨਹੀ ।"

(ਚਲਦਾ)

ਇਸ ਹੁਕਮ ਦੇ ਮੱਦੇ ਨਜ਼ਰ ਤੱਖਤ ਸ੍ਰੀ ਪਟਨਾ ਸਾਹਿਬ ਦੇ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਵੱਲੋ ਜੋ ਹੁਕਮਨਾਮਾ ਜਾਰੀ ਕੀਤਾ ਗਿਆ ਹੈ ਉਸ ਨੂੰ ਸ੍ਰੀ ਅਕਾਲ ਤੱਖਤ ਵੱਲੋ ਤੁਰੰਤ ਰੱਦ ਕੀਤਾ ਜਾਵੇ ਅਤੇ ਉਹਨਾਂ ਨੂੰ ਤਲਬ ਕਰਕੇ ਗੁਰਮਤਿ ਅਨੁਸਾਰ ਢੁੱਕਵੀਂ ਸਜਾ ਦਿੱਤੀ ਜਾਵੇ ਚਾਹੀਦਾ ਹੈ।

ਆਪ ਜੀ ਦੇ ਸ਼ੁਭ ਚਿੰਤਕ

ਮਿਤੀ 23.08.2010

ਅਖੰਡ ਕੀਰਤਨੀ ਜੱਥਾ